## ਭਗਤ ਨਾਮਦੇਵ - ਸਬਦ ੫੩

## ਕਾਏਂ ਰੇ ਮਨ ਬਿਖਿਆ ਬਨ ਜਾਇ ॥

ਰਾਗੁ ਸਾਰੰਗ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੧੨੫੨

ਕਾਏਂ ਰੇ ਮਨ ਬਿਖਿਆ ਬਨ ਜਾਇ ॥
ਭੂਲੌ ਰੇ ਠਗਮੂਰੀ ਖਾਇ ॥੧॥ ਰਹਾਉ ॥
ਜੈਸੇ ਮੀਨੁ ਪਾਨੀ ਮਹਿ ਰਹੈ ॥
ਕਾਲ ਜਾਲ ਕੀ ਸੁਧਿ ਨਹੀ ਲਹੈ ॥
ਜਿਹਬਾ ਸੁਆਦੀ ਲੀਲਿਤ ਲੋਹ ॥
ਐਸੇ ਕਨਿਕ ਕਾਮਨੀ ਬਾਧਿਓ ਮੋਹ ॥੧॥
ਜਿਉ ਮਧੁ ਮਾਖੀ ਸੰਚੈ ਅਪਾਰ ॥
ਮਧੁ ਲੀਨੋ ਮੁਖਿ ਦੀਨੀ ਛਾਰੁ ॥
ਗਊ ਬਾਛ ਕਉ ਸੰਚੈ ਖੀਰੁ ॥
ਗਲਾ ਬਾਂਧਿ ਦੁਹਿ ਲੇਇ ਅਹੀਰੁ ॥੨॥
ਮਾਇਆ ਕਾਰਨਿ ਸ੍ਰਮੁ ਅਤਿ ਕਰੈ ॥
ਸੋ ਮਾਇਆ ਲੈ ਗਾਡੈ ਧਰੈ ॥
ਅਤਿ ਸੰਚੈ ਸਮਝੈ ਨਹੀ ਮੂੜ੍ ॥
ਧਨੁ ਧਰਤੀ ਤਨੁ ਹੋਇ ਗਇਓ ਧੂੜਿ ॥੩॥
ਕਾਮ ਕ੍ਰੋਧ ਤ੍ਰਿਸਨਾ ਅਤਿ ਜਰੈ ॥
ਸਾਧਸੰਗਤਿ ਕਬਹੂ ਨਹੀ ਕਰੈ ॥
ਕਹਤ ਨਾਮਦੇਉ ਤਾ ਚੀ ਆਣਿ ॥
ਨਿਰਭੈ ਹੋਇ ਭਜੀਐ ਭਗਵਾਨ ॥੪॥੧॥

ਸਾਰ: ਨਕਾਰਾਤਮਕ ਵਿਚਾਰਾਂ ਦਾ ਪ੍ਰਵਾਹ ਨਸ਼ੇ ਦੀ ਤਰ੍ਹਾਂ ਘਾਤਕ ਹੋ ਸਕਦਾ ਹੈ, ਜੋ ਮਨ ਨੂੰ ਵਾਰ-ਵਾਰ ਡਰ, ਰੋਸ, ਤੁਲਨਾ ਅਤੇ ਖ਼ੁਦ ਨਾਲ ਧੋਖਾ ਕਮਾਉਣ ਦੀ ਖੱਢ ਵਿਚ ਸੁੱਟਦਾ ਹੈ। ਇਹ ਵਰਤਾਰਾ ਓਦੋਂ ਤੱਕ

ਵਾਪਰਦਾ ਰਹਿੰਦਾ ਹੈ ਜਦ ਤੱਕ ਅੰਤਰੀਵੀ ਭਰਮ ਧੁੰਦਲੇ ਨਹੀਂ ਪੈਣ ਲੱਗਦੇ। ਇਹ ਭਰਮ ਸੂਖਮ ਨਸ਼ੀਲੇ ਪਦਾਰਥ ਵਾਂਗ ਕਰਮ ਕਰਦੇ ਹਨ, ਜੋ ਉਸ ਬਿਬੇਕ-ਬੁੱਧ ਨੂੰ ਸੁੰਨ ਕਰ ਦਿੰਦੇ ਹਨ, ਜੋ ਸੱਚ ਅਤੇ ਝੂਠ ਵਿਚ ਫ਼ਰਕ ਕਰਨ ਵਾਲੀ ਯੋਗਤਾ ਨੂੰ ਯਕੀਨਨ ਬਣਾਉਂਦਾ ਹੈ। ਜਦੋਂ ਬਿਬੇਕ ਨਿਰਬਲ ਪੈ ਜਾਂਦਾ ਹੈ, ਤਾਂ ਨੁਕਸਾਨਦੇਹ ਆਦਤਾਂ ਸਹਿਜ ਰੂਪ ਵਿਚ ਜੀਵਨ ਅੰਦਰ ਦਾਖ਼ਲ ਹੋ ਜਾਂਦੀਆਂ ਹਨ, ਬਿਲਕੁਲ ਉਸੇ ਤਰ੍ਹਾਂ ਜਿਵੇਂ ਕੋਈ ਚੋਰ ਬੇਹੋਸ਼ ਵਿਅਕਤੀ ਦਾ ਫ਼ਾਇਦਾ ਲੈ ਘਰ ਅੰਦਰ ਦਾਖ਼ਲ ਹੁੰਦਾ ਹੈ। ਖ਼ਤਰਾ ਸਿਰਫ਼ ਗਲਤ ਸੋਚ ਦੇ ਧਾਰਨੀ ਹੋਣ ਵਿਚ ਹੀ ਨਹੀਂ ਹੁੰਦਾ, ਸਗੋਂ ਉਸ ਜਾਗਰੂਕਤਾ ਦੇ ਖੁਸ਼ ਜਾਣ ਵਿਚ ਹੁੰਦਾ ਹੈ, ਜੋ ਇਨ੍ਹਾਂ ਝੂਠੇ ਭਰਮਾਂ ਨੂੰ ਮਨ ਵਿਚ ਬਣੇ ਰਹਿਣ ਦਿੰਦੀ ਹੈ। ਅੰਤਰੀਵੀ ਟਕਰਾਅ ਤੋਂ ਮੁਕਤੀ ਦਾ ਅਗਾਜ਼ ਉਸ ਵੇਲੇ ਹੁੰਦਾ ਹੈ, ਜਦੋਂ ਮਨ ਇਸ ਮਦਹੋਸ਼ੀ ਵਿਚੋਂ ਜਾਗ ਆਪਣੇ ਅੰਦਰ ਵਾਪਰਦੇ ਨਕਾਰਾਤਮਕ ਰੁਝਾਨਾਂ ਤੋਂ ਸੁਚੇਤ ਹੋ ਜਾਂਦਾ ਹੈ।

ਕਾਏਂ ਰੇ ਮਨ ਬਿਖਿਆ ਬਨ ਜਾਇ ॥

ਹੇ ਮਨ, ਨਕਾਰਾਤਮਕਤਾ ਨਾਲ ਭਰੇ ਬਿਖ ਰੂਪੀ ਜੰਗਲ ਵਿਚ ਕਿਉਂ ਭਟਕਦਾ ਫਿਰਦਾ ਹੈਂ? ਇਹ ਭਾਵ ਸਮਝਾਉਂਦਾ ਹੈ ਕਿ ਉਹ ਵਿਚਾਰ ਜੋ ਨਕਾਰਾਤਮਕ ਰੁਚੀਆਂ ਦੇ ਆਦੀ ਹੋ ਜਾਂਦੇ ਹਨ, ਉਹ ਅੰਤਰੀਵੀ ਸਪਸ਼ਟਤਾ ਨੂੰ ਧੁੰਦਲਾ ਕਰ ਸਕਦੇ ਹਨ।

ਭੂਲੌ ਰੇ ਠਗਮੂਰੀ ਖਾਇ ॥੧॥ ਰਹਾਉ ॥

ਤੂੰ ਨਸ਼ੀਲੀ ਬੂਟੀ ਖਾ ਕੁਰਾਹੇ ਪੈ ਚੁੱਕਾ ਹੈਂ। ਇਹ ਭਾਵ ਭਰਮ ਨਾਲ ਮਦਹੋਸ਼ ਕਰਨ ਵਾਲੇ ਪ੍ਰਭਾਵ ਨੂੰ ਦਰਸਾਉਂਦਾ ਹੈ, ਜੋ ਇਕ ਨਸ਼ੀਲੇ ਪਦਾਰਥ ਦੀ ਤਰ੍ਹਾਂ ਕਾਰਜ਼ ਕਰਦਾ ਹੈ, ਜੋ ਬਿਬੇਕ ਬੁੱਧ ਨੂੰ ਨਿਰਬਲ ਕਰ ਦਿੰਦਾ ਹੈ ਜਿਸ ਤਰ੍ਹਾਂ ਇਕ ਲੁਟੇਰਾ ਨਸ਼ਾ ਦੇ ਕਿਸੇ ਨੂੰ ਸੁਧਹੀਨ ਕਰ ਦਿੰਦਾ ਹੈ। (੧)(ਠਹਿਰਾਉ)

ਜੈਸੇ ਮੀਨੁ ਪਾਨੀ ਮਹਿ ਰਹੈ ॥

ਜਿਵੇਂ ਮੱਛੀ ਦਾ ਨਿਵਾਸ ਪਾਣੀ ਵਿਚ ਹੁੰਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਜਿਵੇਂ ਅਗਿਆਨਤਾ ਦਾ ਉਦਭਵ ਸੁਖ-ਅਰਾਮ ਵਿਚੋਂ ਹੁੰਦਾ ਹੈ, ਉਸੇ ਤਰ੍ਹਾਂ ਮਨੁੱਖ ਆਪਣੇ ਇਰਦ-ਗਿਰਦ ਵਸਦੇ ਖਤਰਿਆਂ ਤੋਂ ਅਣਜਾਣ ਰਹਿੰਦਾ ਹੈ।

ਕਾਲ ਜਾਲ ਕੀ ਸੁਧਿ ਨਹੀ ਲਹੈ ॥

ਇਹ ਜਾਲ ਰੂਪ ਵਿਚ ਛੁਪੇ ਆਪਣੇ ਵਿਨਾਸ਼ ਦੇ ਕਾਰਨ ਨੂੰ ਨਹੀਂ ਸਮਝ ਪਾਉਂਦੀ। ਇਹ ਭਾਵ ਇੰਦਰੀਆਂ ਸੁੱਖਾਂ ਦੇ ਨਾਲ-ਨਾਲ ਪਏ ਵਿਨਾਸ਼ਤਾ ਦੇ ਜਾਲ ਨੂੰ ਦੇਖਣ ਦੀ ਅਸਮਰੱਥਾ ਵੱਲ ਇਸ਼ਾਰਾ ਕਰਦਾ ਹੈ।

ਜਿਹਬਾ ਸੁਆਦੀ ਲੀਲਿਤ ਲੋਹ ॥

ਜੀਭ ਰਸ ਨਾਲ ਮੋਹਿਤ, ਇਹ ਲੋਹੇ ਦੀ ਕੁੰਡੀ ਨੂੰ ਨਿਗਲ ਜਾਂਦੀ ਹੈ। ਇਹ ਭਾਵ ਇੰਦ੍ਰਿਆਵੀ ਜਾਲ ਦਾ ਪ੍ਰਤੀਕ ਹੈ, ਜਿਸ ਵਿਚ ਮਨ ਜਬਰਨ ਉਸ ਵਸਤ ਵੱਲ ਖਿੱਚਿਆ ਜਾਂਦਾ ਹੈ ਜੋ ਨਾਂ ਤਾਂ ਇਸਨੂੰ ਅਹਾਰ ਪ੍ਰਦਾਨ ਕਰਦਾ ਹੈ ਅਤੇ ਨਾ ਹੀ ਇਸਨੂੰ ਮੁਕਤੀ ਦਿਵਾਉਂਦਾ ਹੈ।

ਐਸੇ ਕਨਿਕ ਕਾਮਨੀ ਬਾਧਿਓ ਮੋਹ ॥੧॥

ਇਸ ਤਰ੍ਹਾਂ, ਮਨ ਸੋਨੇ ਦੇ ਮੋਹ ਅਤੇ ਬੇਰੋਕ ਇੱਛਾਵਾਂ ਨਾਲ ਬੱਝਿਆ ਹੋਇਆ ਹੈ। ਇਹ ਭਾਵ ਮੱਛੀ ਦੇ ਚੋਗੇ ਦੀ ਤੁਲਨਾ ਮਨੁੱਖ ਮਨ ਦੀ ਧਨ-ਸੰਪਦਾ ਅਤੇ ਕਾਮ ਪ੍ਰਤੀ ਲਾਲਸਾ ਨਾਲ ਕਰਦਾ ਹੈ, ਜੋ ਉਸ ਦੇ ਅੰਤਹਕਰਣ ਲਈ ਜਾਲ ਬਣ ਜਾਂਦੀ ਹੈ। (੧)

ਜਿਉ ਮਧੁ ਮਾਖੀ ਸੰਚੈ ਅਪਾਰ ॥

ਜਿਵੇਂ ਮਧੂ ਮੱਖੀ ਬੇਅੰਤ ਮਾਤਰਾ ਵਿਚ ਸ਼ਹਿਦ ਇਕੱਠਾ ਕਰਦੀ ਹੈ। ਇਹ ਭਾਵ ਆਪਣੀਆਂ ਜ਼ਰੂਰਤਾਂ ਤੋਂ ਵੱਧ ਸਰੋਤ ਇਕੱਠੇ ਕਰਨ ਦੀ ਵਿਅਰਥਤਾ ਵੱਲ ਇਸ਼ਾਰਾ ਕਰਦਾ ਹੈ, ਜਿਸ ਨਾਲ ਕੋਈ ਸੁਰੱਖਿਆ ਦਾ ਭਰਮ ਪਾਲ ਬੈਠਦਾ ਹੈ।

ਮਧੁ ਲੀਨੋ ਮੁਖਿ ਦੀਨੀ ਛਾਰੁ ॥

ਸ਼ਹਿਦ ਚੋ ਲਿਆ ਜਾਂਦਾ ਹੈ, ਅਤੇ ਉਸਦੇ ਮੁਖ ਵਿਚ ਕੁਝ ਵੀ ਨਹੀਂ ਬਚਦਾ। ਇਹ ਭਾਵ ਜਮ੍ਹਾ ਕਰਨ ਵਾਲੇ ਦੀ ਤ੍ਰਾਸਦੀ ਨੂੰ ਉਜਾਗਰ ਕਰਦਾ ਹੈ ਜੋ ਨਿਰੰਤਰ ਕਰਮ ਕਰਦਾ ਰਹਿੰਦਾ ਹੈ। ਸਾਡੇ ਦੁਆਰਾ ਇਕੱਤਰ ਕੀਤਾ ਧਨ-ਮਾਲ ਅੰਤ ਵਿੱਚ ਪਿੱਛੇ ਰਹਿ ਜਾਂਦਾ ਹੈ, ਜੋ ਦੂਜਿਆਂ ਨੂੰ ਵਿਰਾਸਤ ਵਿਚ ਮਿਲਦਾ ਹੈ, ਜਾਂ ਸਮੇਂ ਦੇ ਨਾਲ ਅਲੋਪ ਹੋ ਜਾਂਦਾ ਹੈ।

ਗਊ ਬਾਛ ਕਉ ਸੰਚੈ ਖੀਰੁ ॥

ਗਾਂ ਵੱਛੇ ਲਈ ਦੁੱਧ ਇਕੱਠਾ ਕਰਦੀ ਰਹਿੰਦੀ ਹੈ। ਇਹ ਭਾਵ ਆਪਣੀ ਔਲਾਦ ਜਾਂ ਭਵਿੱਖ ਲਈ ਇਕੱਤਰ ਕਰਨ ਦੀ ਇੱਛਾ ਨੂੰ ਦਰਸਾਉਂਦਾ ਹੈ।

ਗਲਾ ਬਾਂਧਿ ਦੁਹਿ ਲੇਇ ਅਹੀਰੁ ॥੨॥

ਗਾਂ ਦੇ ਗਲ੍ਹ ਰੱਸਾ ਪਾ ਦੋਧੀ, ਦੁੱਧ ਚੋ ਲੈਂਦਾ ਹੈ। ਇਹ ਭਾਵ ਮੋਹ ਦੀ ਨਾਜ਼ੁਕਤਾ ਅਤੇ ਅਸਥਿਰਤਾ ਦੇ ਨਿਯਮ ਨੂੰ ਉਜਾਗਰ ਕਰਦਾ ਹੈ। (੨)

ਮਾਇਆ ਕਾਰਨਿ ਸ੍ਰਮੁ ਅਤਿ ਕਰੈ ॥

ਭਰਮ ਦੀ ਖ਼ਾਤਰ, ਬਹੁਤ ਮਿਹਨਤ ਕੀਤੀ ਜਾਂਦੀ ਹੈ। ਇਹ ਭਾਵ ਅਸਥਾਈ ਟੀਚਿਆਂ ਦੇ ਪਿੱਛੇ ਲਾਈ ਦੌੜ ਨਾਲ ਹੋਈ ਥਕਾਵਟ ਦਾ ਪ੍ਰਤੀਕ ਹੈ।

ਸੋ ਮਾਇਆ ਲੈ ਗਾਡੈ ਧਰੈ ॥

ਅਤੇ ਫਿਰ ਉਹ ਧਨ-ਸੰਪਦਾ ਧਰਤੀ ਵਿਚ ਦੱਬ ਦਿੱਤੀ ਜਾਂਦੀ ਹੈ। ਇਹ ਭਾਵ ਮਲਕੀਅਤ ਦੀ ਵਿਅਰਥਤਾ ਨੂੰ ਦਰਸਾਉਂਦਾ ਹੈ ਜਿਸਨੂੰ ਪੂਰਾ ਸਾਂਭ-ਸਾਂਭ ਰੱਖਿਆ ਜਾਂਦਾ ਹੈ ਅਤੇ ਇਸ ਤੋਂ ਮਿਲਣ ਵਾਲੇ ਸੁਖ-ਅਰਾਮ ਦਾ ਵੀ ਤਿਆਗ ਕਰ ਦਿੱਤਾ ਜਾਂਦਾ ਹੈ।

ਅਤਿ ਸੰਚੈ ਸਮਝੈ ਨਹੀ ਮੂੜ੍ਹ ॥

ਬਹੁਤ ਜ਼ਿਆਦਾ ਜਮ੍ਹਾਂਖੋਰੀ ਵਿਚ, ਮੂਰਖ ਸਮਝ ਨਹੀਂ ਪਾਉਂਦੇ। ਇਹ ਭਾਵ ਬੌਧਿਕ ਅਗਿਆਨਤਾ ਵੱਲ ਇਸ਼ਾਰਾ ਕਰਦਾ ਹੈ: ਜੋ ਇਹ ਪਛਾਣਨ ਵਿਚ ਅਸਫਲ ਰਹਿ ਜਾਂਦੀ ਹੈ ਕਿ ਜੀਵਨ ਵਿਚਲੇ ਅਰਥ ਅਤੇ ਸੁਰੱਖਿਆ ਪਦਾਰਥਿਕ ਸੁਖਾਂ ਵਿਚੋਂ ਨਹੀਂ ਪ੍ਰਾਪਤ ਹੁੰਦੇ।

ਧਨੁ ਧਰਤੀ ਤਨੁ ਹੋਇ ਗਇਓ ਧੂੜਿ ॥੩॥

ਧਨ-ਸੰਪਦਾ ਧਰਤੀ ਵਿਚ ਦੱਬੀ ਰਹਿੰਦੀ ਹੈ, ਅਤੇ ਸਰੀਰ ਮਿਟੀ ਹੋ ਜਾਂਦਾ ਹੈ। ਇਹ ਭਾਵ ਇਸ ਅੰਤਿਮ ਅਹਿਸਾਸ ਦਾ ਪ੍ਰਤੀਕ ਹੈ ਕਿ ਕਮਾਉਣ ਵਾਲਾ ਅਤੇ ਕਮਾਈ ਧਰਤੀ ਵਿਚ ਦੱਬੇ ਰਹਿ ਜਾਂਦੇ ਹਨ, ਜਿਥੇ ਉਹ ਬਿਲਕੁਲ ਅਰਥਹੀਨ ਹੁੰਦੇ ਹਨ। (੩)

ਕਾਮ ਕ੍ਰੋਧ ਤ੍ਰਿਸਨਾ ਅਤਿ ਜਰੈ ॥

ਬੇਰੋਕ ਇੱਛਾਵਾਂ, ਗੁੱਸਾ ਅਤੇ ਲਾਲਸਾਵਾਂ ਸੜ੍ਹ ਕੇ ਸੁਆਹ ਹੋ ਜਾਂਦੀਆਂ ਹਨ। ਇਹ ਭਾਵ ਅਧੂਰੀਆਂ ਇੱਛਾਵਾਂ ਕਾਰਣ ਹੋਏ ਸਾੜ੍ਹੇ ਨੂੰ ਦਰਸਾਉਂਦਾ ਹੈ ਜਿਸ ਕਾਰਣ ਮਨ ਬੇਚੈਨੀ ਦੀ ਭੱਠੀ ਵਿਚ ਝੂਲਸਦਾ ਹੈ।

ਸਾਧਸੰਗਤਿ ਕਬਹੂ ਨਹੀ ਕਰੈ ॥

ਉਹ ਕਦੇ ਵੀ ਬਿਬੇਕ ਦੀ ਸੰਗਤ ਨਹੀਂ ਮਾਨਦਾ। ਇਹ ਭਾਵ ਸਪਸ਼ਟਤਾ, ਆਤਮ-ਚਿੰਤਨ, ਅਤੇ ਨਿੱਜੀ ਅਨੁਭਵ ਤੋਂ ਦੂਰ ਹੋ ਰੂਹਾਨੀ ਸੰਗਤ ਤੋਂ ਅਵੇਸਲੇ ਰਹਿਣ ਵੱਲ ਇਸ਼ਾਰਾ ਕਰਦਾ ਹੈ ਜੋ ਜੀਵਨ ਵਿਚਲੇ ਦੁੱਖਾਂ ਦਾ ਮੂਲ ਕਾਰਨ ਹੈ।

ਕਹਤ ਨਾਮਦੇਉ ਤਾ ਚੀ ਆਣਿ ॥

ਨਾਮਦੇਵ ਆਖਦੇ ਹਨ ਸਿਰਫ਼ ਉਹੀ ਸੱਚਾ ਆਸਰਾ ਹੈ। ਇਹ ਭਾਵ ਇਕ ਅਜਿਹੀ ਅਵਸਥਾ ਨੂੰ ਦਰਸਾਉਂਦਾ ਹੈ ਜਿੱਥੇ ਭਰੋਸਾ ਅਸਥਾਈ ਇੱਛਾਵਾਂ ਅਤੇ ਬੇਚੈਨ ਲਾਲਸਾਵਾਂ ਤੋਂ ਮੁਕਤ ਹੋ ਅੰਤਰੀਵੀ ਸਪੱਸ਼ਟਤਾ ਦੀ ਸਦੀਵੀ ਨੀਂਹ ਵੱਲ ਵਧਦਾ ਹੈ।

ਨਿਰਭੈ ਹੋਇ ਭਜੀਐ ਭਗਵਾਨ ॥੪॥੧॥

ਨਿਡਰ ਬਣੋ, ਅਤੇ ਸਰਵ ਵਿਆਪਕ ਚੇਤਨਾ 'ਤੇ ਵਿਚਾਰ ਕਰੋ। ਇਹ ਭਾਵ ਇਕ ਅਜਿਹੀ ਅਵਸਥਾ ਦੇ ਧਾਰਨੀ ਹੋਣ ਲਈ ਪ੍ਰੇਰਦਾ ਹੈ ਜਿੱਥੇ ਸੁਰੱਖਿਆ ਚਿੰਤਾਵਾਂ ਨਾਲ ਭਰੇ ਭੰਡਾਰਾਂ ਜਾਂ ਕਾਬੂ ਕਰਨ ਵਾਲੀ ਪ੍ਰਵਿਰਤੀ ਨਾਲ ਨਹੀਂ, ਸਗੋਂ ਬਿਬੇਕ ਨਾਲ ਇਕਰੂਪ ਹੋ ਪ੍ਰਾਪਤ ਹੁੰਦੀ ਹੈ। ਜਿਸ ਨਾਲ ਅੰਤਰੀਵੀ ਅਜ਼ਾਦੀ ਦਾ ਰਾਹ ਖੁਲ੍ਹਦਾ ਹੈ। (੪)(੧)

ਤੱਤ: ਭਗਤ ਨਾਮਦੇਵ ਇਸ ਵਿਡੰਬਨਾ ਨੂੰ ਉਜਾਗਰ ਕਰਦੇ ਹਨ ਕਿ ਪਦਾਰਥਿਕ ਇਕੱਤਰਤਾ ਦੀ ਦੌੜ ਜੀਵਨ ਨੂੰ ਨੀਰਸਤਾ ਅਤੇ ਥਕਾਣ ਨਾਲ ਭਰ ਦਿੰਦੀ ਹੈ, ਅਤੇ ਛਿੰਨ-ਭੰਗਰ ਸੰਤੁਸ਼ਟੀ ਦਾ ਅਹਿਸਾਸ ਕਰਵਾਉਂਦੀ ਹੈ। ਜਦੋਂ ਅਸੀਂ ਆਪਣਾ ਧਿਆਨ ਵਸਤਾਂ ਇਕੱਤਰ ਕਰਨ ਉਪਰ ਕੇਂਦਰਿਤ ਕਰਦੇ ਹਾਂ, ਤਾਂ ਅਸੀਂ ਅਕਸਰ ਉਨ੍ਹਾਂ ਨਾਲ ਇੰਨਾ ਜੁੜ ਜਾਂਦੇ ਹਾਂ ਕਿ ਉਨ੍ਹਾਂ ਦੀ ਵਰਤੋਂ ਕਰਨੀ ਜਾਂ ਦੂਜਿਆਂ ਨਾਲ ਸਾਂਝਾ ਕਰਨਾ ਹੀ ਭੁੱਲ ਬੈਠਦੇ ਹਾਂ। ਜਿਸ ਕਾਰਣ ਇਨ੍ਹਾਂ ਵਿਚੋਂ ਮਿਲਣ ਵਾਲਾ ਸੁੱਖ ਅਲੋਪ ਹੋ ਜਾਂਦਾ ਹੈ। ਧਨ ਸੰਪਦਾ ਨਾਲ ਬਣੀ ਮਲਕੀਅਤ ਦੀ ਭਾਵਨਾ ਵਿਚੋ ਜੀਵਨ ਪੂਰਤੀ ਦੀ ਭਾਲ ਕਰਦਿਆਂ ਮਾਲਕੀ ਦੁਆਰਾ ਪੂਰਤੀ ਦੀ ਭਾਲ ਵਿਚ, ਅਸੀਂ ਉਨ੍ਹਾਂ ਤਜ਼ਰਬਿਆਂ ਨੂੰ ਕੁਰਬਾਨ ਕਰਦੇ ਹਾਂ ਜੋ ਸੱਚਮੁੱਚ ਸਾਡੇ ਜੀਵਨ ਨੂੰ ਅਮੀਰ ਬਣਾਉਂਦੇ ਹਨ। ਇਹ ਸੰਘਰਸ਼ ਅਸਲ ਸੰਤੁਸ਼ਟੀ ਨਾਲ ਕਬਜ਼ੇ ਨੂੰ ਉਲਝਾਉਣ ਦੀ ਵਿਅਰਥਤਾ ਨੂੰ ਦਰਸਾਉਂਦਾ ਹੈ। ਸੱਚੀ ਭਰਪੂਰਤਾ ਉਸ ਆਜ਼ਾਦੀ, ਬੁੱਧੀ ਅਤੇ ਖੁੱਲ੍ਹੇਪਨ ਤੋਂ ਆਉਂਦੀ ਹੈ ਜਿਸ ਨਾਲ ਅਸੀਂ ਜ਼ਿੰਦਗੀ ਨੂੰ ਅਪਣਾਉਂਦੇ ਹਾਂ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**